

International Journal of Applied Research

**ISSN Print:** 2394-7500
**ISSN Online:** 2394-5869
**Impact Factor:** 5.2
IJAR 2019; 5(11): 51-54
www.allresearchjournal.com
Received: 13-09-2019
Accepted: 21-10-2019

ਡਾ. ਵਿਨੈਨੀਤ ਕੌਰ
ਐਸੋਸੀਏਟ ਪ੍ਰੋਫੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ

**Correspondence**
ਡਾ. ਵਿਨੈਨੀਤ ਕੌਰ
ਐਸੋਸੀਏਟ ਪ੍ਰੋਫੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ

# ਮੁੱਢਲਾ ਤੇ ਪ੍ਰਭਾਵਸ਼ਾਲੀ ਸੰਚਾਰ ਮਾਧਿਅਮ: ਰੇਡੀਓ

ਡਾ. ਵਿਨੈਨੀਤ ਕੌਰ

## 1. Introduction

ਪੱਤਰਕਾਰੀ ਨੇ ਇਲੈਕਟ੍ਰਾਨਿਕ ਮੀਡੀਆ ਦੇ ਵਿਭਿੰਨ ਮਾਧਿਅਮਾਂ ਦੇ ਜ਼ਰੀਏ ਆਧੁਨਿਕ ਤਕਨੀਕਾਂ ਦੀ ਸਹਾਇਤਾ ਨਾਲ ਸੰਚਾਰ ਦੇ ਵਿਭਿੰਨ ਖੇਤਰਾਂ ਵਿਚ ਹੈਰਾਨੀਜਨਕ ਤਰੱਕੀ ਕੀਤੀ ਹੈ। ਵਿਸ਼ੇਸ਼ ਤੌਰ ਤੇ ਰੇਡੀਓ ਤੇ ਟੈਲੀਵਿਜਨ ਦੀ ਆਮਦ ਨੇ ਇਸ ਖੇਤਰ ਵਿਚ ਤਾਂ ਜਿਵੇਂ ਕ੍ਰਾਂਤੀ ਹੀ ਲੈ ਆਂਦੀ ਹੈ। ਇਸੇ ਤਕਨੀਕੀ ਵਿਕਾਸ ਦੇ ਸਿੱਟੇ ਵਜੋਂ ਅਨੇਕ ਉਪਕਰਣਾ ਦੀ ਸਹਾਇਤਾ ਨਾਲ ਮੀਡੀਆ ਦੇ ਵਿਭਿੰਨ ਖੇਤਰ ਅੱਜ ਵਿਸ਼ਵ ਦੀ ਨਵੀਂ ਵਿਆਖਿਆ ਕਰ ਰਹੇ ਹਨ। ਇਨ੍ਹਾਂ ਸਾਧਨਾ ਤੋਂ ਬਿਨਾਂ ਅੱਜ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਵਿਸ਼ੇਸ਼ ਤੌਰ ਤੇ ਰੇਡੀਓ, ਟੈਲੀਵਿਜਨ, ਮੋਬਾਇਲ ਅਤੇ ਇੰਟਰਨੈਟ, ਅੱਜ ਦੇ ਜੀਵਨ ਦਾ ਮਹੱਤਨਪੂਰਨ ਹਿੱਸਾ ਬਣ ਗਏ ਹਨ। ਮੋਬਾਇਲ ਅੱਜ ਪ੍ਰਮੁੱਖ ਜੀਵਨ ਰੇਖਾ ਬਣ ਗਿਆ ਹੈ। ਵਿਸ਼ਵ ਵਿਚ ਘਟਨ ਵਾਲੀ ਕੋਈ ਵੀ ਘਟਨਾ ਪਲਾਂ ਵਿਚ ਹੀ ਇਨ੍ਹਾਂ ਸੰਚਾਰ ਸਾਧਨਾ ਦੇ ਜ਼ਰੀਏ ਸੰਚਾਰਿਤ ਹੋ ਜਾਂਦੀ ਹੈ। ਤੇਜ਼ੀ ਦੇ ਇਸ ਦੌਰ ਵਿਚ ਰੇਡੀਓ ਦੇ ਹਰ ਪਲ ਚੱਲਣ ਵਾਲੇ ਚੈਨਲਾਂ ਤੇ ਵੀ ਸੂਚਨਾਵਾਂ ਹਰ ਪਲ ਪ੍ਰਸਾਰਿਤ ਹੁੰਦੀਆਂ ਰਹਿੰਦੀਆਂ ਹਨ। ਮਨੋਰੰਜਨ ਦਾ ਕੰਮ ਵੀ ਬੜੀ ਸਫ਼ਲਤਾ ਅਤੇ ਰੌਚਕਤਾ ਨਾਲ ਹੁੰਦਾ ਹੈ। ਇਨ੍ਹਾਂ ਸਾਰੇ ਸਾਧਨਾ ਦੇ ਮਾਧਿਅਮ ਨਾਲ ਅਜੋਕਾ ਮਨੁੱਖ ਸਾਰੇ ਵਿਸ਼ਵ ਨਾਲ ਜੁੜ ਗਿਆ ਹੈ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਵਿਸ਼ਵ ਪਿੰਡ ਦੀ ਤਰ੍ਹਾਂ ਬਣ ਗਿਆ ਹੈ। ਹਰ ਸੂਚਨਾ ਜਾਂ ਖ਼ਬਰ ਪਲਾਂ ਵਿਚ ਹੀ ਪ੍ਰਸਾਰਿਤ ਹੋ ਜਾਂਦੀ ਹੈ।

ਅੱਜ ਰੇਡੀਓ ਦੇ ਮੁਕਾਬਲੇ ਹੋਰ ਵੀ ਜਨ: ਸੰਚਾਰ ਦੇ ਸਾਧਨ ਆ ਚੁੱਕੇ ਹਨ, ਪਰ ਰੇਡੀਓ ਦਾ ਬਦਲ ਹਾਲੇ ਵੀ ਕੋਈ ਨਹੀਂ ਬਣ ਸਕਿਆ। ਰੇਡੀਓ ਹਰ ਵਰਗ ਦਾ ਸੰਚਾਰ ਸਾਧਨ ਹੈ ਜਦੋਂ ਕਿ ਬਾਕੀ ਦੇ ਸੰਚਾਰ ਸਾਧਨ ਵਿਸ਼ੇਸ਼ ਵਰਗ ਲਈ ਹੀ ਹਨ। ਜੇਕਰ ਜਨ-ਸੰਚਾਰ ਦੇ ਨੁਕਤੇ ਤੋਂ ਗੱਲ ਕਰੀਏ ਤਾਂ ਅਸੀਂ ਇਹ ਗੱਲ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਹਾਲੇ ਵੀ ਰੇਡੀਓ ਹੀ ਸਭ ਤੋਂ ਵਧੀਆ 'ਜਨ-ਸੰਚਾਰ' ਦਾ ਸਾਧਨ ਹੈ। ਜਿਥੇ ਰੇਡੀਓ ਲੋਕਾਂ ਨੂੰ ਮਨੋਰੰਜਨ ਦਿੰਦਾ ਹੈ ਉਥੇ ਨਾਲ ਦੀ ਨਾਲ ਜਨਤਾ ਨੂੰ ਜਾਣਕਾਰੀ ਅਤੇ ਵਿੱਦਿਆ ਵੀ ਦਿੰਦਾ ਹੈ। ਇਨ੍ਹਾਂ ਦੋਹਾਂ ਪੱਖਾਂ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਰੇਡੀਓ ਲੋਕਾਂ ਤੱਕ ਵਿਸ਼ਵ ਵਿਚ ਵਾਪਰਦੀਆਂ ਘਟਨਾਵਾਂ ਦੀ ਜਾਣਕਾਰੀ ਪਲਾਂ ਵਿਚ ਪਹੁੰਚਾ ਰਿਹਾ ਹੈ। ਉਂਝ ਵੀ ਮਨੋਰੰਜਨ ਲਈ ਅੱਜ ਕਈ ਸਾਧਨ ਹਨ ਜਿਵੇਂ ਟੇਪ ਰਿਕਾਰਡਰ, ਟੀ. ਵੀ. ਚੈਨਲ, ਸਿਨੇਮਾ ਘਰ ਆਦਿ। ਮਨੋਰੰਜਨ ਤੋਂ ਵੀ ਮਹੱਤਵਪੂਰਨ ਹੈ ਬਦਲਦੇ

ਸੰਸਾਰ ਦੀ ਜਾਣਕਾਰੀ ਰੱਖਣਾ। ਮਨੁੱਖ ਦੀ ਇਹ ਭੁੱਖ ਖ਼ਬਰਾਂ, ਖ਼ਬਰਾਂ 'ਤੇ ਆਧਾਰਿਤ ਪ੍ਰੋਗਰਾਮਾਂ ਜਾਂ ਹੋਰ ਜਾਣਕਾਰੀ ਦੇ ਪ੍ਰੋਗਰਾਮਾਂ ਰਾਹੀਂ ਹੀ ਪੂਰੀ ਹੁੰਦੀ ਹੈ।

ਰੇਡੀਓ ਸਭ ਤੋਂ ਪੁਰਾਣਾ ਜਨ-ਸੰਚਾਰ ਸਾਧਨ ਹੋਣ ਕਰਕੇ ਵਿਸ਼ਵ ਦੇ ਹਰ ਦੇਸ਼ ਵਿਚ ਸਥਾਪਿਤ ਹੋ ਚੁੱਕਾ ਹੈ। ਵਿਕਸਿਤ ਦੇਸ਼ਾਂ ਵਿਚ ਜਿਵੇਂ ਅਮਰੀਕਾ, ਇੰਗਲੈਂਡ, ਚੀਨ, ਫ਼ਰਾਂਸ, ਜਰਮਨ, ਜਾਪਾਨ ਆਦਿ ਜਿੱਥੇ ਸੰਚਾਰ ਦੇ ਆਧੁਨਿਕ ਸਾਧਨ ਵੀ ਹਨ ਉਥੇ ਵੀ ਰੇਡੀਓ ਦੀ ਮਹੱਤਤਾ ਵਧੀ ਹੈ। ਵਿਕਾਸਸ਼ੀਲ ਦੇਸ਼ਾਂ ਵਿਚ ਤਾਂ ਰੇਡੀਓ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਸਾਡਾ ਭਾਰਤ ਵੀ ਵਿਕਾਸਸ਼ੀਲ ਦੇਸ਼ਾਂ ਵਿਚ ਆਉਂਦਾ ਹੈ। ਭਾਰਤ ਵਿਚ ਰੇਡੀਓ ਨੈੱਟ-ਵਰਕ ਬਹੁਤ ਮਜ਼ਬੂਤ ਸੰਸਥਾ ਹੈ ਜੋ ਦੇਸ਼ ਦੇ ਸਮਾਜਿਕ ਵਿਕਾਸ ਵਿਚ ਵਰਨਣਯੋਗ ਰੋਲ ਅਦਾ ਕਰ ਰਿਹਾ ਹੈ।

ਭਾਰਤ ਦਾ ਰੇਡੀਓ ਜੋ 'ਅਕਾਸ਼ਵਾਣੀ' ਦੇ ਨਾਂ ਨਾਲ ਮਸ਼ਹੂਰ ਹੈ ਹਰ ਇਕ-ਇਕ ਘੰਟੇ ਮਗਰੋਂ ਖ਼ਬਰਾਂ ਪ੍ਰਸਾਰਿਤ ਕਰ ਰਿਹਾ ਹੈ। ਇਹ ਇਕ ਬਹੁਤ ਵੱਡੀ ਪ੍ਰਾਪਤੀ ਹੈ 'ਅਕਾਸ਼ਵਾਣੀ' ਦੀ ਕਿ ਉਹ ਦੇਸ਼ ਵਾਸੀਆਂ ਨੂੰ ਪੂਰੀ ਦੁਨੀਆਂ ਦੇ ਨਾਲ ਹਰ ਪਲ ਜੋੜ ਕੇ ਰੱਖਦੀ ਹੈ। ਰੇਡੀਓ ਦੀ ਬਾਕੀ ਸਾਧਨਾਂ ਦੇ ਮੁਕਾਬਲੇ ਵਿਲੱਖਣਤਾ ਇਸ ਲਈ ਵੀ ਹੈ ਕਿ ਰੇਡੀਓ ਤੋਂ ਜਾਣਕਾਰੀ ਪ੍ਰਾਪਤ ਕਰਨਾ ਬੜਾ ਸੌਖਾ ਹੈ। ਤੁਸੀਂ ਕੋਈ ਕੰਮ ਕਰਦੇ ਕਰਦੇ, ਰੇਡੀਓ ਸੁਣ ਸਕਦੇ ਹੋ। ਰੇਡੀਓ ਤੁਹਾਡੇ ਕੰਮ ਵਿਚ ਵਿਘਨ ਨਹੀਂ ਪਾਉਂਦਾ। ਅਖ਼ਬਾਰ ਅਤੇ ਟੀ. ਵੀ. ਤੁਹਾਨੂੰ ਬੰਨ੍ਹ ਕੇ ਬਿਠਾ ਲੈਂਦਾ ਹੈ। ਇਸਦੇ ਉਲਟ ਰੇਡੀਓ ਤੁਹਾਡੀ ਬੋਰੀਅਤ ਘੱਟ ਕਰਦਾ ਹੈ ਅਤੇ ਤੁਹਾਡੇ ਕੰਮ ਵਿਚ ਰੌਚਕਤਾ ਪੈਦਾ ਕਰਦਾ ਹੈ।

ਅਖ਼ਬਾਰਾਂ ਦੀ ਪਹੁੰਚ ਤਾਂ ਸ਼ਹਿਰਾਂ ਅਤੇ ਕਸਬਿਆਂ ਤੱਕ ਹੈ। ਕਿਤੇ ਕਿਤੇ ਪਿੰਡਾਂ 'ਚ ਵੀ ਅਖ਼ਬਾਰਾਂ ਦੀ ਪਹੁੰਚ ਹੈ। ਫਿਰ ਅਖ਼ਬਾਰ ਤਾਂ ਸਿਰਫ਼ ਪੜ੍ਹੇ ਲਿਖਿਆਂ ਤਕ ਸੀਮਤ ਹੈ। ਦੂਜੀ ਗੱਲ ਇਹ ਵੀ ਹੈ ਕਿ ਇਕ ਆਮ ਅਤੇ ਗਰੀਬ ਵਿਅਕਤੀ ਲਈ ਅਖ਼ਬਾਰ ਮਹਿੰਗੀ ਵੀ ਪੈਂਦੀ ਹੈ। ਪਿੰਡੀਂ ਥਾਈਂ ਤਾਂ ਅਖ਼ਬਾਰ ਪਹੁੰਚਦੀ ਵੀ ਦੁਪਹਿਰ ਮਗਰੋਂ ਹੈ ਜਾਂ ਫਿਰ ਸ਼ਾਮ ਨੂੰ। ਜਿਹੜੇ ਪਿੰਡ ਸ਼ਹਿਰਾਂ ਦੇ ਨੇੜੇ ਹਨ ਉਨ੍ਹਾਂ 'ਚ ਹੀ ਅਖ਼ਬਾਰ ਸਵੇਰੇ ਪਹੁੰਚਦੀ ਹੈ। ਰੇਡੀਓ ਦੀ ਸਥਿਤੀ ਟੀ. ਵੀ. ਅਤੇ ਅਖ਼ਬਾਰ ਦੋਹਾਂ ਨਾਲੋਂ ਵੱਖਰੀ ਹੈ। ਰੇਡੀਓ ਜਿਥੇ ਆਰਥਿਕ ਪੱਖੋਂ ਸਸਤਾ ਸਾਧਨ ਹੈ ਅਤੇ ਆਮ ਆਦਮੀ ਦੀ ਪਹੁੰਚ ਤੱਕ ਹੈ ਉਥੇ ਇਹਦੀ ਪਹੁੰਚ ਸ਼ਹਿਰਾਂ ਤੱਕ ਜਾਂ ਕਿਸੇ ਇਕ ਵਰਗ ਤੱਕ ਸੀਮਤ ਨਹੀਂ ਹੈ। ਸ਼ਿਫਟਾਂ 'ਚ ਕੰਮ ਕਰਨ ਵਾਲੇ ਕਾਰਖਾਨਿਆਂ ਦੇ ਮਜ਼ਦੂਰ, ਨੇਤਰਹੀਣ, ਖੇਤਾਂ 'ਚ ਕੰਮ ਕਰਦੇ ਕਿਸਾਨ, ਦੂਰ ਦੁਰਾਡੇ ਪਹਾੜਾਂ 'ਚ ਵਸਦੇ ਲੋਕਾਂ, ਸਮੁੰਦਰੀ ਤੱਟਾਂ 'ਤੇ ਅਤੇ ਸਮੁੰਦਰ ਵਿਚ ਕੰਮ ਕਰਦੇ ਮਛਿਆਰਿਆਂ, ਸਰਹੱਦਾਂ ਅਤੇ ਬਰਫ਼ ਲੱਦੀਆਂ ਚੋਟੀਆਂ ਤੇ ਦੇਸ਼ ਦੀ ਦਿਨ ਰਾਤ ਰਾਖੀ ਕਰਦੇ ਫੌਜੀ ਜਵਾਨਾਂ, ਛੋਟੇ-ਛੋਟੇ ਕਾਰਬਾਰੀ ਧੰਦਿਆਂ ਵਾਲਿਆਂ ਅਤੇ ਬਜ਼ੁਰਗਾਂ ਦੇ ਮਨੋਰੰਜਨ ਦਾ ਇਕੋ ਇਕ ਸਾਧਨ ਹੈ ਰੇਡੀਓ।

ਸੋ ਇਹ ਤੱਥ ਤਾਂ ਬਿਲਕੁਲ ਨਿਖਰ ਕੇ ਉਭਰਦਾ ਹੈ ਕਿ ਰੇਡੀਓ ਭਾਰਤੀ ਜਨ ਜੀਵਨ ਦਾ ਮਹੱਤਵਪੂਰਨ ਅੰਗ ਹੈ। ਰੇਡੀਓ ਹਰ ਕਿਸਮ ਦੇ ਸਰੋਤਿਆਂ ਲਈ ਹਰ ਕਿਸਮ ਦੇ ਪ੍ਰੋਗਰਾਮ ਪ੍ਰਸਾਰਿਤ ਕਰਦਾ ਹੈ। ਲੋਕ ਕਥਾਵਾਂ ਅਤੇ ਨਵੀਂ ਪ੍ਰਤਿਭਾ ਨੂੰ ਰੇਡੀਓ ਉਤਸ਼ਹਿਤ ਕਰਦਾ ਹੈ। 'ਆਕਾਸ਼ਵਾਣੀ' ਦੀ 'ਯੁਵਾਵਾਣੀ ਸੇਵਾ' ਭਾਰਤੀ ਯੁਵਕ ਨੂੰ ਆਪਣੀ ਕਲਾ ਪ੍ਰਦਰਸ਼ਨ ਕਰਨ ਅਤੇ ਚਮਕਾਉਣ ਦਾ ਹਰ ਤਰ੍ਹਾਂ ਤਾ ਅਵਸਰ ਪ੍ਰਦਾਨ ਕਰ ਰਹੀ ਹੈ।

ਸੰਗੀਤ ਦੇ ਖੇਤਰ ਵਿਚ ਤਾਂ 'ਰੇਡੀਓ' ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਐਫ. ਐਮ. ਰੇਡੀਓ ਸਟੇਸ਼ਨਾਂ ਦੇ ਭਾਰਤ ਵਿਚ ਸਥਾਪਿਤ ਹੋਣ ਨਾਲ ਇਸ ਖੇਤਰ 'ਚ ਇਨਕਲਾਬ ਵਰਗਾ ਕੁਝ ਵਾਪਰਨ ਜਾ ਰਿਹਾ ਹੈ। ਇਸ ਨਵੀਂ ਤਕਨੀਕ ਨੇ 'ਨਿਜੀ ਖੇਤਰ' ਨੂੰ ਵੀ ਰੇਡੀਓ ਵੱਲ ਪਰਤਣ ਲਈ ਮਜਬੂਰ ਕੀਤਾ ਹੈ। ਦਿੱਲੀ, ਮੁੰਬਈ, ਚਿੱਨਈ, ਕੋਲਕੱਤਾ, ਹੈਦਰਾਬਾਦ ਅਤੇ ਬੈਂਗਲੋਰ ਵਰਗੇ ਸ਼ਹਿਰਾਂ ਵਿਚ ਪ੍ਰਾਈਵੇਟ ਐਫ. ਐਮ. ਰੇਡੀਓ ਸਟੇਸ਼ਨਾਂ ਦਾ ਨਵਾਂ ਮੁਕਾਬਲਾ ਸ਼ੁਰੂ ਹੋ ਚੁੱਕਾ ਹੈ। ਇਸ ਵਿਚ ਰੈਡ ਐਚ. ਐਮ., ਰੇਡੀਓ ਸਿਟੀ, ਰੇਡੀਓ ਮਿਰਚੀ, ਰੇਡੀਓ ਟੁਡੇ ਆਦਿ ਐਫ. ਐਮ. ਰੇਡੀਓ ਸਟੇਸ਼ਨ ਲੋਕਾਂ ਦਾ ਭਰਪੂਰ ਮਨੋਰੰਜਨ ਕਰ ਰਹੇ ਹਨ। ਦਿੱਲੀ ਵਿਚ ਅਕਾਸ਼ਵਾਣੀ ਦੇ ਵੱਖਰੇ ਐਫ. ਐਮ. ਗੋਲਡ, ਐਫ. ਐਮ. ਰਾਜਧਾਨੀ ਚੈਨਲ ਅਤੇ ਐਫ. ਐਮ. ਰੇਨਬੋ ਚੈਨਲ ਪ੍ਰੋਗਰਾਮ ਪ੍ਰਸਾਰਿਤ ਕਰ ਰਹੇ ਹਨ। ਇਸੇ ਵ੍ਹਰੇ ਪ੍ਰਸਾਰ ਭਾਰਤੀ ਨੇ ਦੂਰਦਰਸ਼ਨ ਅਤੇ ਅਕਾਸ਼ਵਾਣੀ ਦੀ ਡੀ. ਟੀ. ਐਚ. ਸੇਵਾ ਵੀ ਸ਼ੁਰੂ ਕਰ ਦਿੱਤੀ ਹੈ। ਸੋ ਇਕ ਗੱਲ ਤਾਂ ਬੜੀ ਸਪੱਸ਼ਟ ਰੂਪ 'ਚ ਸਾਡੇ ਸਾਮ੍ਹਣੇ ਨਿਖਰ ਕੇ ਆਉਂਦੀ ਹੈ ਕਿ ਰੇਡੀਓ, ਭਾਰਤੀ ਜਨ-ਜੀਵਨ 'ਚ ਵਿੱਦਿਆ ਦੇਣ, ਜਾਣਕਾਰੀ ਦਾ ਪਾਸਾਰ ਕਰਨ ਅਤੇ ਮਨੋਰੰਜਨ ਕਰਨ ਹਿੱਤ ਬਹੁਤ ਹੀ ਅਹਿਮ ਸਥਾਨ ਰੱਖਦਾ ਹੈ ਅਤੇ ਲੋਕ ਰੇਡੀਓ ਨੂੰ ਵੀ ਪਸੰਦ ਕਰਦੇ ਹਨ।

ਭਾਰਤ ਵਿਚ ਅੰਗ੍ਰੇਜ਼ਾਂ ਦੇ ਪ੍ਰਵੇਸ਼ ਤੋਂ ਪਹਿਲਾਂ ਤਾਂ ਭਾਰਤੀਆਂ ਕੋਲ ਸੰਚਾਰ-ਸਾਧਨਾਂ ਦੀ ਕਲਪਨਾ ਵੀ ਨਹੀਂ ਸੀ। ਪਰੰਤੂ ਅੰਗਰੇਜ਼ੀ ਰਾਜ ਸਮੇਂ ਪੱਤਰਕਾਰੀ ਦੇ ਆਰੰਭ ਨੇ ਇਸ ਦ੍ਰਿਸ਼ਟੀ ਤੋਂ ਲੋਕਾਂ ਨੂੰ ਜਾਗਰੂਕ ਕੀਤਾ। ਹੁਣ ਸਥਿਤੀ ਇਹ ਹੈ ਕਿ ਭਾਰਤੀ ਜਨ-ਚੇਤਨਾ ਵਿਚ ਸੰਚਾਰ ਸਾਧਨਾਂ ਦੇ ਪ੍ਰਸੰਗ 'ਚ ਮਹੱਤਵਪੂਰਨ ਕ੍ਰਾਂਤੀ ਵੇਖੀ ਜਾ ਸਕਦੀ ਹੈ। ਅਖ਼ਬਾਰ, ਰੇਡੀਓ ਅਤੇ ਟੀ. ਵੀ. ਭਾਰਤੀ ਜਨ-ਚੇਤਨਾ ਦਾ ਆਧਾਰ ਬਣਕੇ ਸਾਡੇ ਸਾਮ੍ਹਣੇ ਆਏ ਹਨ। ਭਾਰਤ ਵਿਚ ਰੇਡੀਓ ਪ੍ਰਸਾਰਣਾਂ ਦੀ ਸ਼ੁਰੂਆਤ ਜੂਨ 1923 'ਚ ਹੋਈ ਜਦੋਂ ਮੁੰਬਾਈ ਦੇ ਇਕ ਕਲੱਬ ਨੇ ਇਕ ਤਜਰਬਾ ਕੀਤਾ। ਇਸ ਮਗਰੋਂ ਜੁਲਾਈ 1924 'ਚ

ਮਦਰਾਸ ਵਿਚ ਵੀ ਇਹੋ ਜਿਹਾ ਯਤਨ ਕੀਤਾ ਗਿਆ। ਇਸ ਪਿਛੋਂ ਹੋਰ ਵੀ ਅਜਿਹੇ ਉਪਰਾਲੇ ਹੁੰਦੇ ਰਹੇ, ਪਰ ਭਾਰਤ ਵਿਚ ਰੇਡੀਓ ਦੀ ਅਸਲ ਸ਼ੁਰੂਆਤ 23 ਜੁਲਾਈ, 1927 'ਚ ਹੋਈ ਜਦੋਂ 'ਇੰਡੀਅਨ ਬਰੋਡਕਾਸਟਿੰਗ ਕੰਪਨੀ' ਨੇ ਮੁੰਬਈ ਰੇਡੀਓ ਸਟੇਸ਼ਨ ਤੋਂ ਪ੍ਰਸਾਰਣ ਆਰੰਭ ਕੀਤਾ। ਬਸ ਇਸ ਮਗਰੋਂ ਭਾਰਤ 'ਚ ਰੇਡੀਓ ਦਾ ਪਾਸਾਰ ਹੁੰਦਾ ਹੀ ਗਿਆ। ਆਜ਼ਾਦੀ ਮਿਲਣ ਮਗਰੋਂ ਤਾਂ ਇਸ ਪਾਸੇ ਕੁਝ ਵਧੇਰੇ ਹੀ ਧਿਆਨ ਕੇਂਦਰਿਤ ਕੀਤਾ ਗਿਆ। ਤਿੰਨ ਸਾਲਾਂ ਬਾਅਦ ਆਰਥਕ ਤੰਗੀ ਕਾਰਣ ਇਹ ਕੰਪਨੀ ਬੰਦ ਹੋ ਗਈ। ਪਰ ਜਨਤਾ ਦੀ ਮੰਗ ਤੇ 1930 ਵਿਚ ਸਰਕਾਰ ਨੇ ਇਸ ਕੰਪਨੀ ਨੂੰ ਆਪਣੀ ਨਿਗਰਾਨੀ ਵਿਚ ਲੈ ਲਿਆ ਤੇ ਇਸਨੂੰ 'ਇੰਡੀਆ ਬ੍ਰਾਡਕਾਸਟਿੰਗ ਸਰਵਿਸ' ਦਾ ਨਾਮ ਦਿੱਤਾ ਗਿਆ। ਬਾਅਦ ਵਿਚ 1936 ਵਿਚ ਇਸਦਾ ਨਾਮ 'ਆਲ ਇੰਡੀਆ ਰੇਡਿਓ' ਹੋ ਗਿਆ। ਇਸੇ ਦੌਰਾਨ 1935 ਵਿਚ ਮੈਸੂਰ ਵਿਚ ਵੀ ਇਕ ਸੁਤੰਤਰ ਰੇਡੀਓ ਸਟੇਸ਼ਨ ਦੀ ਸਥਾਪਨਾ ਕੀਤੀ ਗਈ ਜਿਸਦਾ ਨਾਂ 'ਆਕਾਸ਼ਵਾਣੀ' ਰੱਖਿਆ ਗਿਆ। ਭਾਰਤ ਦੀ ਸੁਤੰਤਰਦਾ ਮਗਰੋਂ ਸਰਕਾਰੀ ਕੰਪਨੀ 'ਆਲ ਇੰਡੀਆ ਰੇਡੀਓ' ਭਾਰਤ ਸਰਕਾਰ ਅਧੀਨ ਆ ਗਈ। ਉਸਨੂੰ 1957 ਵਿਚ 'ਆਕਾਸ਼ਵਾਣੀ' ਨਾਮ ਦਿਤਾ ਗਿਆ। ਉਸ ਤੋਂ ਬਾਅਦ ਆਕਾਸ਼ਵਾਣੀ ਨੇ ਆਪਣੇ ਪ੍ਰੋਗਰਾਮਾਂ ਨੂੰ ਵਿਸਤ੍ਰਿਤ ਕੀਤਾ ਅਤੇ ਅਨੇਕ ਪ੍ਰਸਾਰਣ ਕੇਂਦਰਾਂ ਦੀ ਸਥਾਪਨਾ ਕੀਤੀ। ਇਨ੍ਹਾਂ ਪ੍ਰਸਾਰਣ ਕੇਂਦਰਾਂ ਤੇ ਪ੍ਰੋਗਰਾਮਾਂ ਨੂੰ ਪ੍ਰਸਾਰਿਤ ਕਰਨ ਲਈ ਅਨੇਕਾਂ ਟਰਾਂਸਮੀਟਰ ਲਗਾਏ। 1977 ਵਿਚ ਐਫ. ਐਮ. ਦੇ ਆਉਣ ਨਾਲ ਰੇਡੀਓ ਮਨੋਰੰਜਨ ਦੀ ਨਵੀਂ ਦੁਨੀਆਂ ਦਾ ਆਗਾਜ਼ ਹੋਇਆ। ਐਫ. ਐਮ. ਪ੍ਰਸਾਰਣ ਦੀ ਇਕ ਅਜਿਹੀ ਤਕਨੀਕ ਹੈ ਜਿਸ ਵਿਚ ਆਵਾਜ਼ ਬਹੁਤ ਹੀ ਸਪਸ਼ਟ ਅਤੇ ਸੁਰੀਲੀ ਸੁਣਾਈ ਦਿੰਦੀ ਹੈ। 1995 ਵਿਚ ਐਫ. ਐਮ. ਦੇ ਨਿਜੀਕਰਣ ਨੇ ਇਸ ਤਕਨੀਕ ਨੂੰ ਹੋਰ ਵੀ ਵਿਕਸਿਤ ਕੀਤਾ।

ਪ੍ਰਸਾਰ ਭਾਰਤ ਐਕਟ 1990, ਕੇਂਦਰ ਸਰਕਾਰ ਨੇ ਸਤੰਬਰ 1999 ਵਿਚ ਲਾਗੂ ਕਰ ਦਿੱਤਾ। 1997 ਤੋਂ ਦੂਰਦਰਸ਼ਨ ਅਤੇ ਅਕਾਸ਼ਵਾਣੀ, ਖੁਦਮੁਖਤਿਆਰ ਸੰਸਥਾ-'ਪ੍ਰਸਾਰ ਭਾਰਤੀ' ਦੇ ਅਧੀਨ ਆ ਗਏ। 'ਪ੍ਰਸਾਰ ਭਾਰਤੀ' ਦੇ ਲਾਗੂ ਹੋਣ ਮਗਰੋਂ ਆਕਾਸ਼ਵਾਣੀ ਦੇ ਪ੍ਰੋਗਰਾਮਾਂ ਵਿਚ ਬਹੁਤ ਹੀ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਗਈਆਂ ਹਨ ਜਿਨ੍ਹਾਂ ਸਦਕਾ ਆਕਾਸ਼ਵਾਣੀ ਤੋਂ ਪ੍ਰਸਾਰਿਤ ਹੁੰਦੀਆਂ ਖ਼ਬਰਾਂ ਇਕ ਮਿਸਾਲ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਆਕਾਸ਼ਵਾਣੀ ਦੀਆਂ ਖ਼ਬਰਾਂ ਵਿਚ ਹੁਣ ਰਾਜਸੀ ਜਾਂ ਹੋਰ ਘਟਨਾਵਾਂ ਤੇ ਸੰਪਾਦਕੀ ਟਿੱਪਣੀਆਂ ਵੀ ਕੀਤੀਆਂ ਜਾਂਦੀਆਂ ਹਨ ਜੋ 'ਪ੍ਰਸਾਰ ਭਾਰਤੀ' ਲਾਗੂ ਹੋਣ ਤੋਂ ਪਹਿਲਾਂ ਸੰਭਵ ਨਹੀਂ ਸੀ।

ਜੇ ਧਿਆਨ ਕੀਤਾ ਜਾਵੇ ਤਾਂ ਕੁਝ ਪਹਿਲੂ, ਭਾਰਤੀ ਰੇਡੀਓ ਦੇ ਪ੍ਰਸੰਗ ਵਿਚ, ਅਜਿਹੇ ਵੀ ਹਨ, ਜਿਨ੍ਹਾਂ ਪਾਸੇ ਅਜੇ ਧਿਆਨ ਨਹੀਂ ਦਿੱਤਾ ਗਿਆ। ਭਾਰਤ ਵਿਚ ਰੇਡੀਓ ਦਾ ਭਵਿੱਖ ਇਨ੍ਹਾਂ ਪੱਖਾਂ ਪਾਸੋਂ ਵੀ ਵਿਚਾਰਨਯੋਗ ਹੈ। ਜਿਵੇਂ ਭਾਰਤੀ ਰੇਡੀਓ ਤੋਂ 'ਖੋਜ ਆਧਾਰਿਤ ਪ੍ਰਸਾਰਣ' ਦੀ ਹਮੇਸ਼ਾਂ ਹੀ ਘਾਟ ਰਹੀ ਹੈ। ਹੁਣ ਤੱਕ ਜਿਨੇ ਵੀ ਵੱਡੇ ਸਕੈਂਡਲ ਹੋਏ ਹਨ, ਉਨ੍ਹਾਂ ਦੀਆਂ ਖ਼ਬਰਾਂ ਪਹਿਲਾਂ ਅਖ਼ਬਾਰਾਂ/ਖ਼ਬਰ ਏਜੰਸੀਆਂ ਦੇ ਪੱਤਰਕਾਰਾਂ ਨੇ ਹੀ ਲੱਭੀਆਂ-ਰੇਡੀਓ ਵਾਲਿਆਂ ਨਹੀਂ। ਦੂਜੀ ਗੱਲ ਇਹ ਕੀ ਅੱਜ ਮਨੁੱਖੀ ਜ਼ਿੰਦਗੀ ਦਾ ਪਹੀਆ ਚੌਵੀ ਘੰਟੇ ਚਲਦਾ ਹੈ ਪਰ ਰੇਡੀਓ ਰਾਤੀਂ ਗਿਆਰਾਂ ਵਜੇ ਹੀ ਬੰਦ ਹੋ ਜਾਂਦੇ ਸਨ। ਪਰ, ਦਿੱਲੀ ਵਿਚ ਐਫ. ਐਮ. ਸਟੇਸ਼ਨ ਚੌਵੀ ਘੰਟੇ ਪ੍ਰਸਾਰਣ ਕਰ ਰਿਹਾ ਹੈ ਜੋ ਕਿ ਦਿੱਲੀ ਵਿਚ ਬਹੁਤ ਮਕਬੂਲ ਹੋਇਆ ਹੈ, ਆਦਿ ਅਜਿਹੇ ਹੋਰ ਵੀ ਕਈ ਨੁਕਤੇ ਹਨ, ਜੋ ਵਿਚਾਰ ਦੀ ਮੰਗ ਕਰਦੇ ਹਨ।

'ਆਕਾਸ਼ਵਾਣੀ' ਨੇ ਪ੍ਰਸਾਰਣ ਖੇਤਰ 'ਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਹੀ ਤਕਨੀਕਾਂ ਅਪਨਾ ਲਈਆਂ ਹਨ। ਜਿਨ੍ਹਾਂ ਵਿਚ ਐਫ. ਐਮ., ਫੋਨ-ਇਨ ਪ੍ਰੋਗਰਾਮ, ਰੇਡੀਓ ਬਰਿਜ ਅਤੇ ਸਕਾਇ ਰੇਡੀਓ ਸ਼ਾਮਿਲ ਹਨ। ਵਰਤਮਾਨ ਸਮੇਂ ਅਕਾਸ਼ਵਾਣੀ ਦੇ ਨੈਟਵਰਕ ਦੇ 200 ਤੋਂ ਵੱਧ ਪ੍ਰਸਾਰਣ ਕੇਂਦਰ ਹਨ ਜਿਨ੍ਹਾਂ ਦੁਆਰਾ ਦੇਸ਼ ਦੀ 98.8 ਪ੍ਰਤਿਸ਼ਤ ਜਨਤਾ ਇਸਦੇ ਪ੍ਰਸਾਰਣ ਦੀ ਸੀਮਾ ਵਿਚ ਆਉਂਦੀ ਹੈ। ਅਨੇਕਾਂ ਸਥਾਨਕ ਭਾਸ਼ਾਵਾਂ ਅਤੇ ਬੋਲੀਆਂ ਵਿਚ ਸੈਂਕੜੇ ਪ੍ਰੋਗਰਾਮਾਂ ਦਾ ਲਗਾਤਾਰ ਪ੍ਰਸਾਰਣ ਰੇਡੀਓ ਦੁਆਰਾ ਹੋ ਰਿਹਾ ਹੈ। ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਦੇ ਨਾਲ ਨਾਲ ਕਈ ਵਿਦੇਸ਼ੀ ਭਾਸ਼ਾਵਾਂ ਦੇ ਪ੍ਰਸਾਰਣ ਵੀ ਲਗਾਤਾਰ ਹੋ ਰਹੇ ਹਨ। ਆਕਾਸ਼ਵਾਣੀ ਅਤੇ ਐਫ. ਐਮ. ਉਤੇ ਅਨੇਕਾਂ ਮਨੋਰੰਜਨ ਪ੍ਰਧਾਨ ਪ੍ਰੋਗ੍ਰਾਮਾਂ ਦਾ ਪ੍ਰਸਾਰਣ ਲਗਾਤਾਰ ਹੋਣ ਕਾਰਣ ਰੇਡੀਓ ਦੇ ਪ੍ਰਤੀ ਲੋਕਾਂ ਦੀ ਖਿੱਚ ਵਧ ਰਹੀ ਹੈ। ਭਾਰਤ ਵਿਚ ਰੇਡੀਓ, ਸਿੱਖਿਆ, ਵਿਕਾਸ ਅਤੇ ਸੂਚਨਾਵਾਂ ਦੇ ਪ੍ਰਸਾਰ ਦਾ ਪ੍ਰਭਾਵਸ਼ਾਲੀ ਮਾਧਿਅਮ ਹੈ।

ਹਿੰਦੀ, ਅੰਗ੍ਰੇਜ਼ੀ ਅਤੇ ਹੋਰ ਭਾਰਤੀ ਭਾਸ਼ਾਵਾਂ ਦੇ ਨਾਲ-ਨਾਲ ਪੰਜਾਬੀ ਰੇਡੀਓ ਨੇ ਵੀ ਬਹੁਤ ਵਿਕਾਸ ਕੀਤਾ ਹੈ। ਦੇਸ਼ ਅਤੇ ਵਿਦੇਸ਼ ਵਿਚ ਪੰਜਾਬੀ ਰੇਡੀਓ ਦੇ ਕਈ ਸਟੇਸ਼ਨ ਅਤੇ ਅਨੇਕਾਂ ਪ੍ਰੋਗ੍ਰਾਮ ਪ੍ਰਸਾਰਿਤ ਹੁੰਦੇ ਹਨ। ਜਿੰਨ੍ਹਾਂ ਉਤੇ ਖ਼ਬਰਾਂ ਅਤੇ ਸੂਚਨਾਵਾਂ ਦੇ ਇਲਾਵਾ ਧਰਮ, ਗਿਆਨ, ਖੇਡਾਂ, ਮਨੋਰੰਜਨ ਆਦਿ ਅਨੇਕਾਂ ਵਿਸ਼ਿਆਂ ਉਤੇ ਪ੍ਰੋਗਰਾਮ ਪ੍ਰਸਾਰਿਤ ਹੁੰਦੇ ਹਨ। ਭਾਰਤ ਅਤੇ ਵਿਦੇਸ਼ਾਂ ਵਿਚ ਪ੍ਰਸਾਰਤ ਹੋਣ ਵਾਲੇ ਚੈਨਲਾਂ ਵਿਚੋਂ ਕੁਝ ਚੈਨਲ ਇਹ ਹਨ: ਢੌਲ ਰੇਡੀਓ, ਐਕਸ ਐਲ ਰੇਡੀਓ, ਯੂ. ਐਸ. ਏ., ਏਕਨੂਰ ਰੇਡੀਓ, (ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ), ਰੇਡੀਓ ਸਿਟੀ 24, ਪੂਰੇ ਪੰਜਾਬੀ ਰੇਡੀਓ ਡਾਟ ਕਾਮ, ਰੇਡੀਓ ਜੁਗਨੀ, ਆਪਣਾ ਐਫ. ਐਮ., ਰੇਡੀਓ ਧਮਾਲ (ਕਨੈਡਾ), ਕੇ. ਜੀ. ਐਮ. ਡੀ. ਰੇਡੀਓ, ਨਾਨ ਸਟਾਪ ਪੰਜਾਬੀ ਰੇਡੀਓ, ਭੰਗੜਾ ਵੰਨ ਡਾਟ ਕਾਮ ਰੇਡੀਓ, ਦਿਲ ਆਪਣਾ ਪੰਜਾਬੀ, ਦਿਲ ਆਪਣਾ ਪੰਜਾਬੀ (ਚੈਨਲ-2, ਚੈਨਲ-4), ਮਿਹਰਾ ਮੀਡੀਆ ਗੁਰਬਾਣੀ ਰੇਡੀਓ, ਰੇਡੀਓ ਪੰਜਾਬੀ ਤਹਿਲਕਾ, ਦੇਸੀ ਮਿਊਜ਼ਿਕ ਮਿਕਸ, ਮਿਹਰਾ

ਮੀਡੀਆ ਮਿਊਜਿਕ ਰੇਡੀਓ, ਰੇਡੀਓ ਚੰਨ ਪਰਦੇਸੀ 32 ਕੇ ਪੀ ਐਸ, ਜਸ਼ਨ ਰੇਡੀਓ, ਦੇਸੀ ਐਫ. ਐਮ. ਕੈਨੇਡਾ, ਪਟਿਆਲਾ ਰੇਡੀਓ ਸਾਡਾ ਰੇਡੀਓ, ਧਾਰਮਿਕ ਐਫ. ਐਮ., ਮਿਹਰਾ ਮੀਡੀਆ ਪਾਠ ਕਥਾ ਰੇਡੀਓ, ਰਾਬਤਾ ਰੇਡੀਓ, ਚੱਕਦੇ ਐਫ. ਐਮ. ਕਾਮ, ਗੁਰਬਾਣੀ ਰੇਡੀਓ ਆਦਿ। ਇਨ੍ਹਾਂ ਚੈਨਲਾਂ ਤੇ ਪੰਜਾਬੀ ਭਾਸ਼ਾ ਵਿਚ ਵੱਖ-ਵੱਖ ਵਿਸ਼ਿਆਂ ਤੇ ਪ੍ਰਸਾਰਣ ਹੁੰਦੇ ਹਨ।

ਇਸੇ ਤਰ੍ਹਾਂ ਰੇਡੀਓ ਦੇ ਅਰੰਭ ਤੋਂ ਹੁਣ ਤਕ ਦੇ ਵਿਕਾਸ ਨੂੰ ਧਿਆਨ ਵਿਚ ਰੱਖ ਕੇ ਪੰਜਾਬੀ ਰੇਡੀਓ ਬਾਰੇ ਵਿਚਾਰ ਕਰਨ ਤੇ ਪਤਾ ਲਗਦਾ ਹੈ ਕਿ ਪੰਜਾਬੀ ਰੇਡੀਓ ਨੇ ਵੀ ਇਸ ਖੇਤਰ ਵਿਚ ਬਹੁਤ ਵਿਕਾਸ ਕੀਤਾ ਹੈ। ਇਸ ਵੇਲੇ ਅਨੇਕਾਂ ਰੇਡੀਓ ਚੈਨਲ/ਸਟੇਸ਼ਨ ਸਾਨੂੰ ਪੰਜਾਬੀ ਦੇ ਮਿਲਦੇ ਹਨ ਜਿਨ੍ਹਾਂ ਨੇ ਆਧੁਨਿਕ ਤਕਨੀਕਾਂ ਨੂੰ ਅਪਨਾ ਕੇ ਬਾਕੀ ਖੇਤਰੀ ਭਾਸ਼ਾਵਾਂ ਵਾਂਗ ਆਪਣੀ ਸੁਤੰਤਰ ਪਛਾਣ ਕਾਇਮ ਕਰ ਲਈ ਹੈ ਅਤੇ ਅੱਗੇ ਵੀ ਇਸਦਾ ਭਵਿੱਖ ਤਰੱਕੀ ਵਲ ਹੀ ਇਸ਼ਾਰਾ ਕਰ ਰਿਹਾ ਹੈ।

**ਸੰਦਰਭ ਸੂਚੀ**


1. *ਵੜੈਚ, ਅਮਰਜੀਤ, 'ਇਹ ਆਕਾਸ਼ਵਾਣੀ ਏ'*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1999
2. *ਵੜੈਚ, ਅਮਰਜੀਤ, 'ਹੁਣ ਤੁਸੀਂ ਖ਼ਬਰਾਂ ਸੁਣੋ'*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2010
3. *ਸ਼ਰਮਾ,ਅੰਜੂ (ਡਾ), ਦੂਰਦਰਸ਼ਨ ਔਰ ਆਕਾਸ਼ਵਾਣੀ (ਹਿੰਦੀ), ਕੇ. ਐਲ. ਪਚੌਰੀ ਪ੍ਰਕਾਸ਼ਨ, ਗਾਜ਼ੀਆਬਾਦ*, 2009
4. ਸੂਬਾ ਸਿੰਘ, ਪੰਜਾਬੀ ਪੱਤਰਕਾਰੀ ਦਾ ਇਤਿਹਾਸ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1974
5. ਕੁਲਦੀਪ ਸਿੰਘ, ਪੱਤਰਕਾਰੀ, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ, 1962
6. ਮੇਘਾ ਸਿੰਘ, ਪੰਜਾਬੀ ਪੱਤਰਕਾਰੀ ਦਾ ਇਤਿਹਾਸ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2001
7. ਮੇਘਾ ਸਿੰਘ, ਪੰਜਾਬੀ ਪੱਤਰਕਾਰੀ ਦੇ ਸਾਹਿਤਕ ਸਰੋਕਾਰ ਅਤੇ ਸੀਮਾਵਾਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003
8. ਅਰੋੜਾ, ਹਰੀਸ਼, (ਡਾ), ਜਨਸੰਚਾਰ (ਹਿੰਦੀ), ਯੁਵਾ ਸਾਹਿਤ ਮੰਡਲ, ਨਵੀਂ ਦਿੱਲੀ, 2009
9. ਅਰੋੜਾ, ਹਰੀਸ਼, (ਡਾ), ਇਲੈਕਟ੍ਰਾਨਿਕ ਮੀਡੀਆ ਲੇਖਨ (ਹਿੰਦੀ), ਕੇ. ਕੇ. ਪਬਲੀਕੇਸ਼ਨ, ਨਵੀਂ ਦਿੱਲੀ, 2009
10. ਕੁੰਦਰਾ, ਬਲਬੀਰ (ਡਾ), ਜਨਸੰਚਾਰ ਬਦਲਤੇ ਪਰਿਪ੍ਰੇਕਸ਼ਯ ਮੇਂ, (ਹਿੰਦੀ) ਤਕਸ਼ਿਲਾ ਪ੍ਰਕਾਸ਼ਨ, 2009
11. ਕੁੰਦਰਾ, ਬਲਬੀਰ (ਡਾ), ਸੰਚਾਰ ਸੇ ਜਨਸੰਚਾਰ ਔਰ ਜਨਸੰਪਰਕ ਤਕ (ਹਿੰਦੀ), ਕੇ. ਕੇ. ਪਬਲੀਕੇਸ਼ਨ, ਨਵੀਂ ਦਿੱਲੀ, 2006
12. ਅਟਾਰੀ, ਈਸ਼ਰ ਸਿੰਘ, ਭਾਰਤ ਵਿਚ ਪੱਤਰਕਾਰੀ ਦਾ ਇਤਿਹਾਸ, ਅਨੂਪ ਸਿੰਘ, ਸੰਪਾਦਨ ਅਤੇ ਪ੍ਰਕਾਸ਼ਨ ਪ੍ਰਕਿਰਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1994
13. ਮਾਨ, ਗੁਰਮੀਤ ਸਿੰਘ, ਪੱਤਰਕਾਰੀ ਦੇ ਮੂਲ ਸਿਧਾਂਤ, ਮਦਾਨ ਪਬਲਿਸ਼ਰਜ਼, ਪਟਿਆਲਾ, 1996
14. ਮਿਸ਼ਰ, ਸਮਿਤਾ (ਡਾ), ਭਾਰਤੀਯ ਮੀਡਿਆ: ਅੰਤਰੰਗ ਪਹਿਚਾਨ, ਸੰਪਾਦਕ, ਭਾਰਤ ਪੁਸਤਕ ਭੰਡਾਰ, ਦਿੱਲੀ, 2004